ਸਭ ਹੱਕ ਰਾਖਵੇਂ ਹਨ ।

੧ ੴ ਸਤਿਗੁਰਪ੍ਰਸਾਦਿ ॥

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੪੫

# ਕਰਮ ਯੋਗ

# KARAM YOG.

ਲੇਖਕ ਤੇ ਪ੍ਰਕਾਸ਼ਕ !

**ਭਾਈ ਮੋਹਨ ਸਿੰਘ ਵੈਦ**

**BHAI MOHAN SINGH VAIDYA**

*Municipal Commissioner*

Tarn Taran (Punjab).

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ।

ਸਭ ਹੱਕ ਰਾਖਵੇਂ ਹਨ।

'ਜੇਹਾ ਕੀਤੋਨ ਤੇਹਾ ਹੋਇਆ ਜੇਹੇ ਕਰਮ ਕਮਾਇ'।
'ਕਰਮ ਕਰਤ ਹੋਵੈ ਨਿਹਕਰਮੁ ਤਿਸੁ ਬੈਸਨੋ ਕਾ ਨਿਰਮਲ ਧਰਮ'

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੪੫

# ਕਰਮ ਯੋਗ
# KARAM YOG

ਜਿਸ ਵਿਚ

ਕਰਮਾਂ ਦਾ ਜੀਵ ਤੇ ਪ੍ਰਭਾਵ, ਨਿਸ਼ਕਾਮ ਕਰਮਾਂ ਦੀ ਸ੍ਰੇਸ਼ਟਤਾ ਆਦਿਕ ਜੀਵਨ ਦੇ ਸੁਧਾਰ ਸੰਬੰਧੀ ਵਿਖਯ ਬੜੀ ਹੀ ਚੰਗੀ ਤਰਾਂ ਦੱਸੇ ਹਨ॥

ਪ੍ਰਕਾਸ਼ਕ !
ਭਾਈ ਮੋਹਨ ਸਿੰਘ ਵੈਦ
ਮਿਊਨਸਿਪਲ ਕਮਿਸ਼ਨਰ
ਤਰਨ ਤਾਰਨ (ਪੰਜਾਬ)

ਅਪਰੈਲ ੧੯੧੫

ਭਾਈ ਬਹਾਦਰ ਸਿੰਘ ਮੈਨੇਜਰ ਦੇ ਯਤਨ ਨਾਲ
ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ।

ਪਹਿਲੀ ਵਾਰ — ਭੇਟਾ ਚਾਰ ਆਨੇ

25291

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਬੇਨਤੀ !

ਇਹ ਗੱਲ ਬਿਨਾਂ ਕਿਸੇ ਵਾਦ ਵਿਵਾਦ ਦੇ ਮੰਨੀ ਜਾ ਸਕਦੀ ਹੈ ਕਿ ਪੰਜਾਬੀ ਭਾਸ਼ਾ ਦੇ ਪੁਸਤਕਾਂ ਦੇ ਭੰਡਾਰ ਵਾਸਤੇ ਬਾਹਰ ਦੀਆਂ ਵਿਚਾਰਾਂ ਦੀ ਥਾਂ ਆਪਣੇ ਦੇਸ ਦੇ ਗੁਰੂ ਸਾਹਿਬਾਂ, ਬੀਰ ਬਹਾਦਰਾਂ, ਸ਼ਹੀਦਾਂ, ਭਗਤਾਂ, ਮਹਾਤਮਾਂ, ਅਤੇ ਰਾਜਯੋਗੀਆਂ ਆਦਿਕ ਪਵਿੱਤ੍ਰ ਜੀਵਨ ਬਿਤਾਉਣ ਵਾਲਿਆਂ ਦੇ ਵਿਚਾਰ ਅਤੇ ਇਸੇਤਰਾਂ ਵਰਤੋਂ ਵਿਹਾਰ ਦੇ ਸੁਧਾਰ ਹੀ ਅਜੇ ਬਹੁਤ ਦੱਬੇ ਪਏ ਹਨ, ਜਿਨ੍ਹਾਂ ਦੇ ਪ੍ਰਕਾਸ਼ਿਤ ਕਰਨ ਦੀ ਵੱਡੀ ਲੋੜ ਹੈ। ਪਰ ਜਿਸਤਰਾਂ ਨਾਲ ਮਨ ਦੀ ਪ੍ਰਸੰਨਤਾ ਅਰ ਭੰਡਾਰੇ ਦੇ ਸ੍ਵਾਦੀ ਬਣਾਨ ਵਾਸਤੇ ਨਿੱਤ ਇੱਕ ਹੀ ਤਰਾਂ ਦਾ ਭੋਜਨ ਹੁੰਦੇ ਹੋਏ ਭੀ ਨਾਲ ਅੱਡ ੨ ਤਰਾਂ ਦੇ ਸਲੂਣੇ ਅਤੇ ਭਾਜੀਆਂ ਆਦਿ ਦੀ ਲੋੜ ਹੁੰਦੀ ਹੈ, ਇਸੇਤਰਾਂ ਹੀ ਪਾਠਕਾਂ ਦੀ ਰੁਚੀ ਵਿਚਾਰਕੇ ਅਤੇ ਦੂਜੇ ਲੋਕਾਂ ਦੇ ਵਿਚਾਰਾਂ ਤੋਂ ਲਾਭ ਉਠਾਵਣ ਲਈ ਇਹ ਪੁਸਤਕ "ਕਰਮ-ਯੋਗ" ਭੀ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਵਿਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਜਿਸਦੇ ਅਸਲ ਕਰਤਾ ਪ੍ਰਸਿੱਧ ਸ੍ਵਾਮੀ ਵਿਵੇਕਾਨੰਦ ਜੀ ਹਨ॥

ਸ੍ਵਾਮੀ ਵਿਵੇਕਾ ਨੰਦ ਜੀ ਦੇ ਨਾਉਂ ਤੋਂ ਵਿਦਵਾਨ ਪੁਰਖ ਸਾਰੇ ਜਾਣੂ ਹਨ। ਸ੍ਵਾਮੀ ਵਿਵੇਕਾਨੰਦ ਜੀ ਬੰਗਾਲੀ ਪੁਰਖ ਸਨ ਅਤੇ ਉਨ੍ਹਾਂ ਆਪਣੇ ਦੇਸ ਵਿਚ ਹੀ ਉੱਚੀ ਵਿੱਦਯਾ ਪ੍ਰਾਪਤ ਕੀਤਾ ਸੀ, ਜਿਸਤੋਂ ਉਨ੍ਹਾਂ ਦੇ ਖਿਆਲ ਤਾਂ ਉੱਚੇ ਹੋ ਗਏ ਪਰ ਆਤਮਾਂ ਨੂੰ ਸ਼ਾਂਤਾ ਨਾ ਆਈ, ਜਿਸ ਕਰਕੇ ਉਹ ਆਪਣੀ ਜ਼ਿੰਦਗੀ ਦਾ ਮਤਲਬ



ਸਮਝਣ ਵਾਸਤੇ ਚਿੰਤਾ ਵਾਨ ਸਨ ਹੀ ਕਿ ਅਜੇਹੇ ਸਮੇਂ ਇਨ੍ਹਾਂ ਨੂੰ ਸ੍ਵਾਮੀ ਰਾਮਕ੍ਰਿਸ਼ਨ ਜੇਹੇ ਮਹਾਤਮਾ ਮਿਲ ਗਏ। ਜੇਹਾ ਸ੍ਵਾਮੀ ਜੀ ਦਾ ਉੱਚਾ ਮਤਲਬ ਸੀ, ਤੇਹੇ ਉੱਚੇ ਉਨ੍ਹਾਂ ਨੂੰ ਮਹਾਤਮਾਂ ਮਿਲ ਗਏ। ਮਹਾਤਮਾ ਰਾਮ-ਕ੍ਰਿਸ਼ਨ ਜੀ ਦੇ ਉਪਦੇਸ਼ ਅਤੇ ਵਰਤੋਂ ਵਿਹਾਰ ਦੇ ਨਮੂਨੇ ਨਾਲ ਆਪ ਦੇ ਹਿਰਦੇ ਵਿਚ ਪਵਿਤ੍ਰ ਪ੍ਰਕਾਸ਼ ਹੋਯਾ ਅਤੇ ਆਪ ਸੰਸਾਰੀ ਮੋਹ ਨੂੰ ਛੱਡਕੇ ਸੱਚੇ ਸ੍ਵਾਮੀ ਵਿਵੇਕਾ ਨੰਦ ਬਣ ਗਏ॥

ਸੰਨਯਾਸ ਧਾਰਨ ਦੇ ਪਿਛੋਂ ਸ੍ਵਾਮੀ ਜੀ ਪੱਛਮੀ ਦੇਸਾਂ ਵਿਚ ਗਏ। ਇਸ ਮੁਸਾਫਰੀ ਕਰਨ ਦਾ ਪ੍ਰਯੋਜਨ ਇਨ੍ਹਾਂ ਦਾ ਇਹ ਸੀ ਕਿ ਆਤਮ ਵਿੱਦਯਾ ਦੀ ਉਸ ਅੰਮ੍ਰਿਤਧਾਰਾ ਨਾਲ ਜਿਸਦਾ ਝਰਨਾ ਅਤੇ ਕੇਂਦ੍ਰ ਆਦਿ ਕਾਲ ਤੋਂ ਭਾਰਤ ਵਰਸ਼ ਹੈ, ਪੱਛਮੀ ਧਰਤੀ ਨੂੰ ਜੋ ਪ੍ਰਕ੍ਰਿਤੀਵਾਦ ਅਤੇ ਦੇਹ ਵਾਦ ਦੀ ਪੌਣ ਨਾਲ ਸੁੱਕ ਰਹੀ ਹੈ ਚੱਲਕੇ ਸਿੰਚੀਏ। ਕੇਹਾ ਪਵਿੱਤ੍ਰ ਉਪਦੇਸ਼ ਸੀ! ਇਸਦੇ ਵਾਸਤੇ ਇਸ ਮਹਾਤਮਾ ਨੇ ਯੂਰਪ ਅਤੇ ਅਮ੍ਰੀਕਾ ਆਦਿਕ ਦੇਸਾਂ ਵਿਚ ਜੋ ਕੁਝ ਉੱਦਮ ਅਤੇ ਜਤਨ ਕੀਤਾ ਉਹ ਕਿਸੇ ਵਿੱਦਯਵਾਨ ਸੱਜਣ ਪਾਸੋਂ ਗੁੱਝਾ ਨਹੀਂ, ਇਹ ਸ੍ਵਾਮੀ ਜੀ ਦੇ ਉਪਦੇਸ਼ ਦਾ ਹੀ ਫਲ ਹੈ ਕਿ ਅੱਜ ਕੱਲ ਅਮ੍ਰੀਕਾ ਵਿਚ ਘਰ ੨ ਵੇਦਾਂਤ ਦੀ ਚਰਚਾ ਹੋ ਰਹੀ ਹੈ, ਅਤੇ ਉਥੋਂ ਦੇ ਪੁਰਖ ਹੀ ਨਹੀਂ ਸਗੋਂ ਇਸਤ੍ਰੀਆਂ ਭੀ ਵੇਦਾਂਤ ਦੇ ਭੇਤ ਜਾਣਨ ਲਈ ਚਾਹਵਾਨ ਹਨ। ਉੱਥੋਂ ਦੇ ਕਈ ਇਸਤ੍ਰੀ ਪੁਰਖਾਂ ਨੇ ਸ੍ਵਾਮੀ ਜੀ ਦੇ ਚੇਲੇ ਬਣਕੇ ਵੇਦਾਂਤ ਪ੍ਰਚਾਰ ਕਰਨ ਦਾ ਬੀੜਾ ਚੁੱਕਿਆ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.